ਸੋਮਵਾਰ
1 , ਮਾਰਚ 2010
18 ਫੱਗਣ ,
ਨਾਨਕਸ਼ਾਹੀ 541

# ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 319,
ਸਾਲ 25
Postal Regd. No.
PB/0007/09-2011

www.ajdiawaaz.com
ਪੰਜਾਬ ਦੀ ਉਮੀਦ
info@ajdiawaaz.com



ਸ਼ਹਿਰ ਤੇ ਆਸ-ਪਾਸ
ਦੰਦਾਂ ਦੇ ਮੁਫ਼ਤ ਚੈਕਅੱਪ ਕੈਂਪ 3

ਸੰਪਾਦਕੀ
ਵਿਗੜੇ ਸਾਧਾਂ ਦੇ ਚੇਲਿਆਂ ਵੱਲੋਂ ਹਿੰਸਾ 4



ਦੇਸ਼ ਦੁਨੀਆਂ
ਹੋਲਾ ਮਹੱਲਾ ਵਿਸ਼ੇਸ਼ 8

# ਹੋਲੇ ਮਹੱਲੇ ਦੀਆਂ ਕਾਨਫਰੰਸਾਂ 'ਚ ਧਰਮ ਤੇ ਰਾਜਨੀਤੀ ਰਹੀ ਭਾਰੂ








## ਕਾਂਗਰਸ ਦਾ ਐਸ.ਜੀ.ਪੀ.ਸੀ. 'ਚ ਪਿਛਲੇ ਦਰਵਾਜਿਓਂ ਦਾਖਲਾ ਅਸਫਲ ਬਣਾਓ-ਸੁਖਬੀਰ

**ਦਿਨੇਸ਼ ਨੱਢਾ/ਬਲਵਿੰਦਰ ਰੈਤ**

ਸ਼੍ਰੀ ਆਨੰਦਪੁਰ-ਸਾਹਿਬ , 28, ਫਰਵਰੀ -ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਦੇ ਉਪ ਮੁੱਖ ਮੰਤਰੀ ਸ੍ਰ: ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੀਆਂ ਚੋਣਾ ਵਿੱਚ ਕਾਂਗਰਸ ਵਲੋ ਡੱਮੀ ਅਕਾਲੀ ਦਲ ਦੀ ਵਰਤੋ ਕਰਕੇ ਇਸ ਵਿੱਚ ਪਿਛਲੇ ਦਰਵਾਜਿਓਂ ਦਾਖਲ ਹੋਣ ਦੀ ਕੋਸ਼ਿਸ਼ ਨੂੰ ਨਾਕਾਮ ਕਰਨ ਦਾ ਸਿੱਖ ਭਾਈ ਚਾਰੇ ਨੂੰ ਸੱਦਾ ਦਿੱਤਾ ਹੈ। ਹੋਲੇ ਮੁਹੱਲੇ ਦੇ ਮੌਕੇ ਇੱਕ ਵੱਡੇ ਇੱਕਠ ਨੂੰ ਸੰਬੋਧਨ ਕਰਦੇ ਹੋਏ ਸ੍ਰ: ਬਾਦਲ ਨੇ ਸਿੱਖਾ ਨੂੰ ਯਾਦ ਦੁਆਇਆ ਕਿ ਕਾਂਗਰਸ ਪਾਰਟੀ ਨੇ ਬਲਿਯੂ ਸਟਾਰ ਅਪਰੇਸ਼ਨ ਦੌਰਾਨ ਸ਼੍ਰੀ ਹਰਮੰਦਿਰ ਸਾਹਿਬ ਤੇ ਹਮਲਾ ਕੀਤਾ ਅਤੇ 1984 ਦੇ ਕਤਲੇਆਮ ਦੌਰਾਨ ਹਜਾਰਾਂ ਬੇਗੁਨਾਹ ਸਿੱਖਾ ਦਾ ਕਤਲ ਕਰਵਾਇਆ। ਉਨ੍ਹਾਂ ਕਿਹਾ ਕਿ ਅਦਾਲਤ ਦੇ ਹੁਕਮਾਂ ਅਤੇ ਗੈਰ ਜਮਾਨਤੀ ਵਰੰਟਾ ਦੇ ਬਾਵਜੂਦ ਕਾਂਗਰਸ ਹਾਈ ਕਮਾਂਡ ਨੇ ਕਤਲੇਆਮ ਦੇ ਪ੍ਰਮੁੱਖ ਦੋਸ਼ੀ ਸੱਜਣ ਕੁਮਾਰ ਨੂੰ ਪਨਾਹ ਦਿੱਤੀ। ਸ੍ਰ: ਬਾਦਲ ਨੇ ਕਿਹਾ ਕਿ ਸੱਜਣ ਕੁਮਾਰ ਨੂੰ ਜੈ ਡ ☛(ਬਾਕੀ ਸਫਾ 2 'ਤੇ)

### ਮੁੱਖ ਮੰਤਰੀ ਪੱਠਿਆਂ ਦੀ ਦਰਦ ਕਾਰਨ ਹੋਲਾ ਮੁਹੱਲਾ 'ਚ ਸ਼ਾਮਲ ਨਾ ਹੋ ਸਕੇ

ਚੰਡੀਗੜ੍ਹ, 28 ਫਰਵਰੀ (ਹਰੀਸ਼ ਚੰਦਰ ਬਾਗਾਵਾਲਾ)-ਪੰਜਾਬ ਦੇ ਮੁੱਖ ਮੰਤਰੀ ਸ੍ਰ: ਪਰਕਾਸ਼ ਸਿੰਘ ਬਾਦਲ ਪਿਠ ਦੀ ਦਰਦ ਕਾਰਨ ਅੱਜ ਹੋਲਾ ਮੁਹੱਲਾ ਦੀ ਸਿਆਸੀ ਕਾਨਫਰੰਸ ਵਿੱਚ ਹਿਸਾ ਨਹੀ ਲੈ ਸਕੇ ਕਿਓਂਕਿ ਡਾਕਟਰਾਂ ਨੇ ਉਨ੍ਹਾਂ ਨੂੰ ਸਫਰ ਨਾ ਕਰਨ ਦੀ ਸਲਾਹ ਦਿੱਤੀ ਹੈ। ਮੁੱਖ ਮੰਤਰੀ ਨੇ ਪੰਜਾਬ ਦੇ ਉੱਪ-ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੂੰ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਆਖਿਆ ਹੈ। ਪੀ.ਜੀ.ਆਈ ਐਮ.ਈ.ਆਰ ਦੇ ਹੱਡਿਆਂ ਦੇ ਵਿਭਾਗ ਦੇ ਮੁੱਖੀ ਡਾ. ਐਮ.ਐਸ.ਢਿਲੋਂ ☛(ਬਾਕੀ ਸਫਾ 2 'ਤੇ)

## ਹੁਣ ਸੁਰਿੰਦਰ ਕੌਰ ਨੂੰ ਅਹੁਦਾ ਦਿੱਤਾ ਜਾਵੇ-ਮਾਨ

**ਆਨੰਦਪੁਰ ਸਾਹਿਬ**-ਸ਼੍ਰੋਮਣੀ ਅਕਾਲੀ ਦਲ ਮਾਨ ਦੇ ਪ੍ਰਧਾਨ ਸ੍ਰੀ ਸਿਮਰਨਜੀਤ ਸਿੰਘ ਮਾਨ ਨੇ ਅਕਾਲੀ ਦਲ ਬਾਦਲ ਨੂੰ ਲੋਟੂਆਂ ਦਾ ਟੋਲਾ ਐਲਾਨਦਿਆਂ ਕਿਹਾ ਕਿ ਬਾਦਲ ਪਰਿਵਾਰ ਵਿੱਚ ਹੁਣ ਬੀਬੀ ਸੁਰਿੰਦਰ ਕੌਰ ਹੀ ਅਹੁਦੇ ਤੋਂ ਵਾਂਝੀ ਰਹਿ ਗਈ ਹੈ। ਸ੍ਰ. ਬਾਦਲ ਨੂੰ ਚਾਹੀਦਾ ਹੈ ਕਿ ਉਸ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬਣਾ ਦੇਵੇ। ਇਸ ਦੌਰਾਨ ਸ੍ਰ. ਮਾਨ ਨੇ ਇਹ ਵੀ ਕਿਹਾ ਕਿ ਉਨ੍ਹਾਂ ਦਾ ਪਾਰਟੀ ਆ ਰਹੀਆਂ ਸ਼੍ਰੋਮਣੀ ਕਮੇਟੀ ਚੋਣਾਂ ਖਾਲਿਸਤਾਨ ਦੇ ਮੁੱਦੇ ਅਤੇ ਗੁਰਧਾਮਾਂ ਦੀ ਸੁਚੱਜੀ ਸਾਂਭ ਸੰਭਾਲ ਦੇ ਮਸਲੇ 'ਤੇ ਲੜਨਗੇ। ਇਸ ਮੌਕੇ ਉਨ੍ਹਾਂ ਬਾਦਲ ਸਰਕਾਰ ਵੱਲੋਂ ਕਿਸਾਨਾਂ, ਸਿੱਖ ਨੌਜਵਾਨਾਂ 'ਤੇ ਕੀਤੇ ਜਾ ਰਹੇ ਤਸ਼ੱਦਦ ਦੀ ਵੀ ਜ਼ੋਰਦਾਰ ਨਿੰਦਾ ਕੀਤੀ। ਉਨ੍ਹਾਂ ਦੀ ਰੈਲੀ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੀ ਤਸਵੀਰ ਅਤੇ ਕੈਲੰਡਰ ਵੀ ਵੰਡੇ ਗਏ।

**ਕੇਂਦਰੀ ਸਕੀਮਾਂ ਦਾ ਬਾਦਲ ਸਰਕਾਰ ਆਪਣੇ ਨਾਮ ਪ੍ਰਚਾਰ ਕਰ ਰਹੀ-ਕਾਂਗਰਸ**

ਇਸੇ ਦੌਰਾਨ ਕਾਂਗਰਸ ਦੀ ਰੈਲੀ ਵਿੱਚ ਸੰਬੋਧਨ ਕਰਦਿਆਂ ਪ੍ਰਧਾ ਮਹਿੰਦਰ ਸਿੰਘ ਕੇ.ਪੀ. ਇਲਾਕਾ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਤੇ ਇਲਾਕਾ ਵਿਧਾਇਕ ਰਾਣਾ ਕੇ.ਪੀ. ਸਿੰਘ, ਗੜ੍ਹਸ਼ੰਕਰ ਦੇ ਵਿਧਾਇਕ ਲਵ ਕੁਮਾਰ ਗੋਲਡੀ, ਵਿਧਾਇਕ ਸੁਖਪਾਲ ☛(ਬਾਕੀ ਸਫਾ 2 'ਤੇ)

## ਸ਼੍ਰੋਮਣੀ ਕਮੇਟੀ ਚੋਣਾਂ ਲਈ ਸਾਂਝਾ ਫਰੰਟ ਬਣਾਵਾਂਗੇ-ਭਾਈ ਮੋਹਕਮ ਸਿੰਘ

**ਆਨੰਦਪੁਰ ਸਾਹਿਬ**-ਖਾਲਸੇ ਦੀ ਜਨਮ ਭੂਮੀ ਆਨੰਦਪੁਰ ਸਾਹਿਬ ਵਿਖੇ ਹੋਲੇ ਮੁਹੱਲੇ ਮੌਕੇ ਖਾਲਸਾ ਐਕਸ਼ਨ ਕਮੇਟੀ ਵੱਲੋਂ ਸਰੋਵਰ ਨਜ਼ਦੀਕ ਨੰਗਲ-ਰੂਪਨਗਰ ਮੁੱਖ ਸੜਕ ਨਜ਼ਦੀਕ ਇੱਕ ਭਰਵੀਂ ਕਾਨਫਰੰਸ ਕੀਤੀ ਗਈ। ਇਸ ਪੰਥਕ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਖਾਲਸਾ ਐਕਸ਼ਨ ਕਮੇਟੀ ਦੇ ਭਾਈ ਮੋਹਕਮ ਸਿੰਘ ਨੇ ਕਿਹਾ ਕਿ ਅੱਜ ਦਾ ਇਹ ਭਾਰੀ ਇਕੱਠ ਐਲਾਨ ਕਰਦਾ ਹੈ ਕਿ ਆਉਂਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਪੰਥ ਬਨਾਮ ਬਾਦਲ ਹੋਣਗੀਆਂ। ਉਨ੍ਹਾਂ ਕਿਹਾ ਕਿ ਸਿੱਖੀ ਸਿਧਾਂਤਾਂ ਨੂੰ ਪ੍ਰਣਾਈਆਂ ਸਮੂਹ ਪੰਥਕ ਜਥੇਬੰਦੀਆਂ ਦਾ ਸਾਂਝਾ ਫਰੰਟ ਨੇੜਲੇ ਭਵਿੱਖ ਵਿੱਚ ਉਸਾਰਿਆ ਜਾਵੇਗਾ, ਜੋ ਜਿੱਤ ਦੇ ਨਿਸ਼ਚੇ ਨਾਲ ਸਾਂਝੇ ਰੂਪ ਵਿੱਚ ਸ਼੍ਰੋਮਣੀ ਕਮੇਟੀ ਚੋਣਾਂ ਵਿੱਚ ਹਿੱਸਾ ਲੈ ਕੇ ਸਿੱਖਾਂ ਦੀ ਇਸ ਪ੍ਰਮੁੱਖ ਸੰਸਥਾ ਦੀ ਨਵੇਂ ਸਿਰਿਓਂ ਕਾਇਆ ਕਲਪ ਕਰੇਗਾ। ਮੋਹਕਮ ਸਿੰਘ ਨੇ ਅੱਗੇ ਕਿਹਾ ਕਿ ਅੱਜ ਦਾ ਇਹ ਇਕੱਠ ਸਿੱਖੀ ਦੀ ਪ੍ਰਫੁੱਲਤਾ ਅਤੇ ਧਰਮ ਦਾ ਜੈਕਾਰ ਲਈ ਮੌਜੂਦਾ ਭ੍ਰਿਸ਼ਟਾਚਾਰੀਆਂ ਅਤੇ ਦੁਰਾਚਾਰੀਆਂ (ਬਾਦਲਕਿਆਂ) ਨੂੰ ਗੁਰਦੁਆਰਿਆਂ ਤੋਂ ਬਾਹਰ ਕੱਢਣ ਦਾ ਐਲਾਨ ਕਰਦਾ ਹੈ। ਉਨ੍ਹਾਂ ਕਿਹਾ ਕਿ ਇਹ ਸਮਾਗਮ ☛(ਬਾਕੀ ਸਫਾ 2 'ਤੇ)



### ਛੁੱਟੀ ਦਾ ਐਲਾਨ

ਹੋਲਾ ਮਹੱਲਾ ਦੇ ਸ਼ੁੱਭ ਦਿਹਾੜੇ ਕਾਰਨ ਰੋਜ਼ਾਨਾ ਅੱਜ ਦੀ ਆਵਾਜ਼ ਦੇ ਦਫ਼ਤਰ ਵਿੱਚ 1 ਮਾਰਚ ਦਿਨ ਸੋਮਵਾਰ ਨੂੰ ਛੁੱਟੀ ਰਹੇਗੀ।

ਇਸ ਲਈ 2 ਮਾਰਚ ਮੰਗਲਵਾਰ ਦਾ ਪਰਚਾ ਮਾਰਕੀਟ ਵਿੱਚ ਨਹੀਂ ਆਵੇਗਾ। ਬੁੱਧਵਾਰ 3 ਮਾਰਚ ਨੂੰ ਰੋਜ਼ਾਨਾ ਅੱਜ ਦੀ ਆਵਾਜ਼ ਆਮ ਵਾਂਗ ਪਾਠਕਾਂ ਤੱਕ ਪਹੁੰਚੇਗਾ।

-ਮੈਨੇਜਰ

**1984 ਦੇ ਕਤਲੇਆਮ ਸਬੰਧੀ ਯੂ.ਪੀ.ਏ.ਸੱਜਣ ਦੀ ਢਾਲ**

## ਪ੍ਰਧਾਨ ਮੰਤਰੀ ਸੱਜਣ ਬਾਰੇ ਅਦਾਲਤੀ ਹੁਕਮਾਂ ਨੂੰ ਸੀ.ਬੀ.ਆਈ ਵੱਲ ਮੰਨਣ ਤੋਂ ਇਨਕਾਰ ਕਰਨ ਬਾਰੇ ਬਿਆਨ ਦੇਣ-ਸੁਖਬੀਰ

ਚੰਡੀਗੜ੍ਹ 28 ਫ਼ਰਵਰੀ (ਹਰੀਸ ਚੰਦਰ ਬਾਗਾਵਾਲਾ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ: ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਦੇ ਸੰਸਦ ਮੈਂਬਰ ਅਕਾਲੀ ਦਲ ਦੇ ਭਾਈਵਾਲਾਂ ਨਾਲ ਮਿਲ ਕੇ ਪ੍ਰਧਾਨ ਮੰਤਰੀ ਡਾ:ਮਨਮੋ ਹਣ ਸਿੰਘ ਨੂੰ ਸੰਸਦ ਦੇ ਸਦਨ ਵਿਚ ਇਸ ਗੱਲ ਲਈ ਬਿਆਨ ਦੇਣ ਲਈ ਮਜ਼ਬੂਰ ਕਰਨਗੇ ਕਿ ਸੀ.ਬੀ.ਆਈ ਨੇ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਦੋਸ਼ੀ ਸ਼੍ਰੀ ਸੱਜਣ ਕੁਮਾਰ ਨੂੰ ਗ੍ਰਿਫ਼ਤਾਰ ਨਾ ਕਰਕੇ ਅਦਾਲਤੀ ਹੁਕਮਾਂ ਦੀ ਉਲਘੰਣਾ ਕਰਨ ਦੀ ਆਗਿਆ ਕਿਉਂ ਦਿੱਤੀ। ਅੱਜ ਇੱਥੇ ਜ਼ਾਰੀ ਇੱਕ ਬਿਆਨ ਵਿਚ ਸ: ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਸੀ.ਬੀ.ਆਈ ਦੇ ਇਸ ਵਤੀਰੇ ਨੂੰ ਸੁਪਰੀਮ ਕੋਰਟ ਵਿਚ ਵੀ ਲੈ ਕੇ ਜਾਵੇਗੀ ਅਤੇ ਸੱਜਣ ਕੁਮਾਰ ਬਾਰੇ ਅਦਾਲਤੀ ਹੁਕਮਾਂ ਦੇ ਸਬੰਧ ਵਿਚ ਸਪੱਸ਼ਟੀਕਰਨ ਦੇਣ ਲਈ ਭਾਰਤ ਸਰਕਾਰ ਲਈ ਆਦੇਸ਼ ਪ੍ਰਾਪਤ ਕਰੇਗੀ ਕਿ ਉਸਨੂੰ ਜਮਾਨਤ ਪ੍ਰਾਪਤ ਕਰਨ ਲਈ ਖੁਲ੍ਹਾ ਸਮਾਂ ਕਿਉਂ ਦਿੱਤਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਦੋਸ਼ ਲਾਇਆ ਕਿ ਯੂ.ਪੀ.ਏ.ਸਰਕਾਰ ਅਸਲ ਵਿਚ ਹਜ਼ਾਰਾਂ ਸਿੱਖਾਂ ਦੇ ਅਖੌਤੀ ਹਤਿਆਰੇ ਲਈ ਸਿਆਸੀ ਢਾਲ ਵੱਜੋਂ ਕਾਰਜ ਕਰ ਰਹੀ ਹੈ। ਸਰਕਾਰ ਕਤਲੇਆਮ ਦੇ ਦੋਸ਼ੀ ਨੂੰ ਰਾਹਤ ਮੁਹੱਈਆ ਕਰਵਾਉਣ ਵਿਚ ਸੁਵਿਧਾ ਦੇਣ ਲਈ ਦੋਸ਼ੀ ਹੈ। ਉਨ੍ਹਾਂ ਕਿਹਾ ਕਿ ਸੀ.ਬੀ.ਆਈ ਵੱਲੋਂ ਸੱਜਣ ਕੁਮਾਰ ਨੂੰ ਗ੍ਰਿਫ਼ਤਾਰ ਕਰਨ ਦੇ ਸਬੰਧ ਵਿਚ ਕੀਤੇ ਗਏ ਇਨਕਾਰ ਬਾਰੇ ਸਰਕਾਰ ਦੀ ਚੁੱਪ ਨਿਰਲੱਜ ਅਤੇ ਸਨਸਨੀਖੇਜ਼ ਹੈ। ਜਦਕਿ ਸੱਜਣ ਕੁਮਾਰ ਇਸ ਸਮੇਂ ਦੌਰਾਨ ਦਿੱਲੀ ਖੁਲੇਆਮ ਘੁੰਮਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸਨਸਨੀਖੇਜ ਗੱਲ ਹੈ ਕਿ ☛(ਬਾਕੀ ਸਫਾ 2 'ਤੇ)

## ਸਾਊਦੀ ਅਰਬ ਨੂੰ ਲੈ ਕੇ ਥਰੂਰ ਫਿਰ ਵਿਵਾਦਾਂ 'ਚ



ਰਿਆਦ, 28 ਫਰਵਰੀ (ਇੰਟ.)-ਭਾਰਤੀ ਵਿਦੇਸ਼ ਰਾਜ ਮੰਤਰੀ ਸ਼ਸ਼ੀ ਥਰੂਰ ਦੇ ਇੱਕ ਇੱਕ ਹੋਰ ਬਿਆਨ ਨੇ ਬਵਾਲ ਖੜ੍ਹਾ ਕਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਹੈ ਕਿ ਮੈਨੂੰ ਲੱਗਦਾ ਹੈ ਕਿ ਭਾਰਤ ਅਤੇ ਪਾਕਿਸਤਾਲ ਸਬੰਧਾਂ 'ਚ ਸਾਊਦੀ ਅਰਬ ਗੱਲਬਾਤ ਦੇ ਦੌਰ 'ਤੇ ਆਪਣੀ ਅਹਿਮ ਭੂਮਿਕਾ ਨਿਭਾਅ ਸਕਦਾ ਹੈ। ਜਾਣਕਾਰੀ ਹੈ ਕਿ ਭਾਰਤ-ਪਾਕਿਤਸਤਾਲ ਮੁੱਦੇ 'ਤੇ ਭਾਰਤ ਦਾ ਸਟੈਂਡ ਸਾਫ਼ ਰਿਹਾ ਹੈ ਕਿ ਦੋਵੇਂ ਦੇਸ਼ਾਂ ਦੇ ਵਿਚਕਾਰ ਕਿਸੇ ਤੀਸਰੇ ਪੱਖ ਦੀ ਭੂਮਿਕਾ ਸਵੀਕਾਰ ਨਹੀਂ ਕੀਤੀ ਜਾਵੇਗੀ ਇਸ 'ਚ ਵਿਦੇਸ਼ ਰਾਜ ਮੰਤਰੀ ਦਾ ਇਹ ਇਹ ਬਿਆਨ ਹੈਰਾਨ ਕਰਨ ਵਾਲਾ ਹੈ, ਕਿਉਂਕਿ ਉਹ ਖ਼ੁੱਦ ਸਾਊਦੀ ਅਰਬ ਦੇ ਦੋਵਾਂ ਦੇਸ਼ਾਂ ਨੂੰ ਵਿਚਕਾਰ ਲੈ ਆਏ ਹਨ। ਥਰੂਰ ਦੇ ਇਸ ਬਿਆਨ 'ਤੇ ☛(ਬਾਕੀ ਸਫਾ 2 'ਤੇ)



ਐਚ. ਐਸ. ਬੀ. ਸੀ. ਔਰਤਾਂ ਦੀ ਸਿੰਗਾਪੁਰ 'ਚ ਹੋ ਰਹੀ ਗੌਲਫ਼ ਚੈਂਪੀਅਨਸ਼ਿਪ ਦੌਰਾਨ ਸੂਜਨ ਨਾਰਵੇ ਦੀ ਗਿਆਰਵੇਂ ਹੋਲ 'ਚ ਬਾਲ ਪਾਉਣ ਤੋਂ ਉਪਰੰਤ ਆਪਣੀ ਪ੍ਰਤੀਕ੍ਰਿਆ ਜ਼ਾਹਰ ਕਰਦੀ ਹੋਏ।

## ਰਾਜ ਸਭਾ ਲਈ ਦਾਅਵੇਦਾਰਾਂ ਦਾ ਮਾਮਲਾ ਹੋਰ ਗੁੰਝਲਦਾਰ ਹੋਇਆ

ਚੰਡੀਗੜ੍ਹ, 28 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਵਿੱਚ ਰਾਜ ਸਭਾ ਦੀਆਂ ਅਕਾਲੀ ਭਾਜਪਾ ਨੂੰ ਮਿਲਣ ਵਾਲੀਆਂ ਤੇ ਜਿਤਣੇ ਦੀ ਸਰੱਥ ਤਿੰਨੇ ਸੀਟਾਂ ਲਈ ਅਕਾਲੀ ਨੇਤਾਵਾਂ ਵਿੱਚ ਹੁਣ ਦੌੜ ਉਸ ਸਮੇਂ ਨਵੇਂ ਦੌਰ ਵਿੱਚ ਪਹੁੰਚ ਗਈ ਹੈ ਜਦੋਂ ਇਸ ਦੌੜ ਵਿੱਚ ਪੰਜਾਬ ਦੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੇ ਮੀਡੀਆ ਸਲਾਹਕਾਰ ਸ੍ਰ. ਹਰਚਰਨ ਸਿੰਘ ਬੈਂਸ ਵੀ ਰਾਜ ਸਭਾ ਲਈ ਦਾਅਵੇਦਾਰ ਬਣ ਗਏ। ਇਸ ਨਾਲ ਇਕ ਤਰ੍ਹਾਂ ਨਾਲ ਅਕਾਲੀ ਨੇਤਾਵਾਂ ਵਿੱਚ ਕਾਫੀ ਮਾਯੂਸੀ ਦਾ ਵਾਤਾਵਰਨ ਛਾ ਗਿਆ ਹੈ। ਖਾਸ ਤੌਰ 'ਤੇ ਉਨ੍ਹਾਂ ਅਕਾਲੀ ਨੇਤਾਵਾਂ ਵਿੱਚ ਜੋ ਇਨ੍ਹਾਂ ਸੀਟਾਂ 'ਤੇ ਆਪਣੀ ਦਾਅਵੇਦਾਰੀ ਜਿਤਾ ਰਹੇ ਹਨ। ਇਸ ਦਾਅਵੇਦਾਰੀ ਵਿੱਚ ਮੀਡੀਆ ਸਲਾਹਕਾਰ ਦੇ ਨਾਲ-ਨਾਲ ਮੰਤਰੀ ਤੇ ਅਡਵਾਈਜ਼ਰ ਦਲਜੀਤ ਸਿੰਘ ਚੀਮਾ ਵੀ ਸ਼ਾਮਲ ਹੋ ਗਏ ਹਨ। ਜਦੋਂ ਕਿ ਚੀਮਾ ਨੂੰ ਰਾਜ ਸਭਾ ਵਿੱਚ ਭੇਜਣ ਲਈ ਪੰਜਾਬ ਦੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਕੋਈ ਤਿੰਨ ਸਾਲ ਪਹਿਲਾਂ ਇੱਕ ਪਬਲਿਕ ਜਲਸੇ ਵਿੱਚ ਐਲਾਨ ਕੀਤਾ ਸੀ ਕਿ ਹੁਣ ਬਦਲੇ ਸਿਆਸੀ ਮਾਹੌਲ ਵਿੱਚ ਸ਼੍ਰੋਮਣੀ ਅਕਾਲੀ ਦਲ ਜੋ ਦੋ ਸੀਟਾਂ ☛(ਬਾਕੀ ਸਫਾ 2 'ਤੇ)

## ਸੇਖਵਾਂ ਵੱਲੋਂ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਸਾਹਿਤਕਾ ਕਾਰਜਾਂ ਦੀ ਸ਼ਲਾਘਾ

ਲੁਧਿਆਣਾ, 28 ਫਰਵਰੀ (ਰਾਜ ਜੋਸ਼ੀ)-ਜਿਹੜੀਆਂ ਕੌਮਾਂ ਆਪਣੇ ਵਡੇਰਿਆਂ ਨੂੰ ਯਾਦ ਰੱਖਦੀਆਂ ਹਨ, ਉਹ ਕੌਮਾਂ ਹਮੇਸ਼ਾਂ ਸਮਾਜ ਵਿਚ ਤਰੱਕੀ ਕਰਦੀਆਂ ਹਨ ਅਤੇ ਸਦਾ ਜਿਊਂਦੀਆਂ ਰਹਿੰਦੀਆਂ ਹਨ ਅਤੇ ਆਪਣੇ ਵਡੇਰਿਆਂ ਨੂੰ ਭੁਲਾ ਦੇਣ ਵਾਲੀਆਂ ਕੌਮਾਂ ਦਾ ਨਾਮੋ-ਨਿਸ਼ਾਨ ਮਿਟ ਜਾਂਦਾ ਹੈ। ਇਹ ਵਿਚਾਰ ਸ. ਸੇਵਾ ਸਿੰਘ ਸੇਖਵਾਂ ਸੂਚਨਾ ਤੇ ਲੋਕ ਸੰਪਰਕ, ਪ੍ਰਵਾਸੀ ਮਾਮਲੇ, ਰੱਖਿਆ ਸੇਵਾਵਾਂ ਭਲਾਈ ਅਤੇ ਸ਼ਿਕਾਇਤ ਨਿਵਾਰਨ ਮੰਤਰੀ ਪੰਜਾਬ ਨੇ ਅੱਜ ਪੰਜਾਬੀ ਭਵਨ ਲੁਧਿਆਣਾ ਵਿਖੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵਲੋ ਆਯੋਜਿਤ ਪ੍ਰਿੰਸੀਪਲ ਸੁਜਾਨ ਸਿੰਘ ਸ਼ਤਾਬਦੀ ਸੈਮੀਨਾਰ ਦੀ ਪ੍ਰਧਾਨਗੀ ਕਰਦਿਆਂ ਪ੍ਰਗਟ ਕੀਤੇ। ਸ. ਸੇਖਵਾਂ ਨੇ ਕਿਹਾ ਕਿ ਪੰਜਾਬੀ ਸਾਹਿਤ ਅਕਾਡਮੀ ਵਲੋ ਪ੍ਰਿੰਸੀਪਲ ਸੁਜਾਨ ਸਿੰਘ ਸ਼ਤਾਬਦੀ ਸੈਮੀਨਾਰ ਆਯੋਜਿਤ ਕਰਨਾ ਇਕ ਸ਼ਲਾਘਾਯੋਗ ਉਪਰਾਲਾ ਹੈ। ਉਹਨਾ ਕਿਹਾ ਕਿ ☛(ਬਾਕੀ ਸਫਾ 2 'ਤੇ)



### ਨੌਜਵਾਨ ਨੂੰ ਆਈ.ਜੀ. ਦੱਸ ਰਿਹਾ ਖਾੜਕੂ ਜਦੋਂ ਕਿ ਐੱਸ.ਐੱਸ.ਪੀ. ਕਹਿ ਰਿਹਾ ਹੈ ਚੋਰ

ਚੰਡੀਗੜ੍ਹ, 28 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪਟਿਆਲਾ ਜ਼ਿਲ੍ਹੇ ਦੇ ਨਾਭਾ ਕਸਬੇ ਵਿੱਚ ਸਥਿਤ ਇੰਡੀਅਨ ਆਇਲ ਕਾਰਪੋਰੇਸ਼ਨ ਦੇ ਐੱਲ.ਪੀ.ਜੀ. ਬੋਟਲਿਸੰਗ ਪਲਾਂਟ ਦੇ ਪਾਸ ਬੰਬ ਮਿਲਣ ਦੇ ਮਾਮਲੇ ਵਿੱਚ ਪੁਲਿਸ ਅਧਿਕਾਰੀਆਂ ਨੇ ਆਪਣੇ ਅਲੱਗ ਅਲੱਗ ਬਿਆਨ ਦੇ ਕੇ ਇਸ ਘਟਨਾ ਤੋਂ ਟੈਰੇਜ਼ਿਮ ਨਾਲ ਜੋੜਨ ਦਾ ਪੂਰਾ ਯਤਨ ਕੀਤਾ ਹੈ। ਇਸਪੈਕਟਰ ਜਨਰਲ ਪੁਲਿਸ ਪਟਿਆਲਾ ਰੇਂਜ ਆਰ.ਐੱਸ. ਗਿੱਲ ਇਸ ਮਾਮਲੇ ਵਿੱਚ ਫਰਾਰ ਵਿਅਕਤੀਆਂ ਨੂੰ ਅੱਤਵਾਦੀ ਖਾੜਕੂ ਦੱਸ ਰਹੇ ਹਨ। ਜਦੋਂ ਕਿ ਐਸ.ਐੱਸ.ਪੀ. ☛(ਬਾਕੀ ਸਫਾ 2 'ਤੇ)

## ਕਾਨੂੰਨ ਹੱਥਾਂ ਵਿੱਚ ਲੈਣ ਵਾਲੇ ਡੇਰਾ ਪ੍ਰੇਮੀਆਂ ਖਿਲਾਫ ਸਖਤ ਕਾਰਵਾਈ ਹੋਵੇ-ਨੰਦਗੜ੍ਹ

ਤਲਵੰਡੀ ਸਾਬੋ, 28 ਫਰਵਰੀ (ਰਣਜੀਤ ਰਾਜੂ)-ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨੇ ਇੱਕ ਲਿਖਤੀ ਬਿਆਨ ਰਾਹੀਂ ਆਖਿਆ ਹੈ ਕਿ ਹਾਈ ਕੋਰਟ ਦੀਆਂ ਹਦਾਇਤਾਂ ਮੁਤਾਬਿਕ ਡੇਰਾ ਸਿਰਸਾ ਦੇ ਸਾਬਕਾ ਖਜ਼ਾਨਚੀ ਫਕੀਰ ਚੰਦ ਦੇ ਕਤਲ ਕੇਸ ਦੀ ਕੀਤੀ ਪੜਤਾਲ ਉਪਰੰਤ ਸੀ.ਬੀ.ਆਈ. ਵੱਲੋਂ ਦਰਜ ਕੀਤੇ ਕਤਲ ਕੇਸ ਵਿੱਚ ਡੇਰਾ ਮੁਖੀ ਦਾ ਨਾਮ ਸ਼ਾਮਲ ਹੋਣਾ ਦਰਸਾਉਂਦਾ ਹੈ ਕਿ ਰਾਮ ਰਹੀਮ ਕਿਸੇ ਧਾਰਮਿਕ ਡੇਰੇ ਦਾ ਨਹੀਂ, ਸਗੋਂ ਕਿਸੇ ਅੰਡਰਵਰਲਡ ਮਾਫੀਏ ਦਾ ਮੁਖੀਆ ਹੈ। ਸਿੰਘ ਸਾਹਿਬ ਅਨੁਸਾਰ ਜਿਸ ਸਮੇਂ ਤੋਂ ਰਾਮ ਰਹੀਮ ਨੇ ਇੱਕ ਸ਼ੱਕੀ ਹਾਲਤਾਂ ਵਿੱਚ ਇਸ ਡੇਰੇ 'ਤੇ ਕਬਜ਼ਾ ਕੀਤਾ ਹੋਇਆ ਹੈ, ਉਸ ਸਮੇਂ ਤੋਂ ਸਮਾਜ ਵਿਰੋਧੀ ਗੁੰਡਾ ਅਨਸਰ ਇਸ ਡੇਰੇ ਵਿੱਚ ਰਹਿ ਕੇ ਲਗਾਤਾਰ ਗੈਰ ਕਾਨੂੰਨੀ ਸਰਗਰਮੀਆਂ ਚਲਾ ਰਹੇ ਹਨ, ਜਿਨ੍ਹਾਂ ਦੁਆਰਾ ਕੀਤੇ ਕਾਲੇ ਕਾਰਨਾਮੇ ਹੁਣ ਹੌਲੀ-ਹੌਲੀ ਮੀਡੀਏ ਵਿੱਚ ਨਸ਼ਰ ਹੋਣ ਲੱਗੇ ਹਨ। ਹਾਈਕੋਰਟ ਦੇ ਆਦੇਸ਼ਾਂ ਅਨੁਸਾਰ ਡੇਰਾ ਮੁਖੀ ਤੇ ਕਤਲ ਕੇਸ ਦਰਜ ਹੋਣ ਉਪਰੰਤ ਡੇਰੇ ਦੇ ਪ੍ਰਬੰਧਕਾਂ ਦੀ ਸ਼ਹਿ ਤੇ ਕੀਤੀ ਗਈ ਗੁੰਡਾਗਰਦੀ ਇਸ ਗੱਲ ਦਾ ਸਬੂਤ ਹੈ ਕਿ ਹੁਣੇ ਡੇਰੇ ਅੰਦਰ ਜਰਾਇਮ ਪੇਸ਼ਾਂ ਮਾਨਸਿਕਤਾ ਦੇ ਲੋਕ ਸੰਗਿਠਤ ਮਾਫੀਆ ਦਾ ਰੂਪ ਧਾਰ ਕੇ ਦੇਸ਼ ਦੇ ਅਮਨ, ਸ਼ਾਂਤੀ, ਏਕਤਾ ਤੇ ਅਖੰਡਤਾ ਲਈ ਇੱਕ ਗੰਭੀਰ ਚੁਣੌਤੀ ਬਣਦੇ ਜਾ ਰਹੇ ਹਨ। ਇਸ ਲਈਦੇਸ਼ ਦੇ ਸਮਾਜ ਦੇ ਅਮਨ-ਸ਼ਾਂਤੀ ਲਈ ਇਨ੍ਹਾਂ ਨੂੰ ਸਖਤੀ ਨਾਲ ਦਬਾਉਣਾ ਹੀ ਇੱਕੋ-ਇੱਕ ਰਸਤਾ ਹੈ। ਭਾਵੇਂ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਲਈ ਪ੍ਰਬੰਧਕਾਂ ਵੱਲੋਂ ਕਦੇ-ਕਦੇ ਸਮਾਜ ਸੇਵਾ ਕਰਨ ਦਾ ਢੌਂਗ ਵੀ ਕੀਤਾ ਜਾਂਦਾ ਹੈ। ਪਰ ਡੇਰੇ ਅੰਦਰ ਜਿਸ ਅਪਰਾਧੀ ਸੋਚ ਦੇ ਲੋਕਾਂ ਦਾ ਕਬਜ਼ਾ ਹੈ ਉਸ ਦੀ ਤਸਵੀਰ ਡੇਰਾ ਪ੍ਰੇਮੀ ਵਾਰ-ਵਾਰ ਕਾਨੂੰਨ ਨੂੰ ਹੱਥਾਂ ਵਿੱਚ ਲੈ ਕੇ ਪੇਸ਼ ਕਰ ਚੁੱਕੇ ਹਨ। ਸਿੰਘ ਸਾਹਿਬ ਅਨੁਸਾਰ ਇਹ ਬਹੁਤ ਹੀ ਅਫਸੋਸਨਾਕ ਹੈ ਕਿ ☛(ਬਾਕੀ ਸਫਾ 2 'ਤੇ)

## ਡੇਰਾ ਪ੍ਰੇਮੀਆਂ ਵੱਲੋਂ ਬੱਸ ਨੂੰ ਲਾਈ ਅੱਗ 'ਚ ਅੰਗਹੀਣ ਵਿਅਕਤੀ ਦੇ ਪੰਜਾਹ ਹਜ਼ਾਰ ਦੇ ਖਿਡਾਉਣੇ ਸੜੇ

ਮਨਾਲ, 28 ਫਰਵਰੀ (ਜਗਸੀਰ ਧਾਲੀਵਾਲ)-ਸੌਦਾ ਸਾਧ ਦੇ ਖਿਲਾਫ ਸੀ.ਬੀ.ਆਈ. ਵੱਲੋਂ ਕਤਲ ਦਾ ਪਰਚਾ ਦਰਜ ਕੀਤੇ ਜਾਣ ਤੋਂ ਬਾਅਦ ਭੜਕੇ ਪ੍ਰੇਮੀਆਂ ਵੱਲੋਂ ਬੀਤੀ ਸ਼ਾਮ ਬਠਿੰਡਾ ਤੋਂ ਲੁਧਿਆਣਾ ਆ ਰਹੀ ਡੀ.ਟੀ.ਸੀ. ਦੀ ਬੱਸ, ਜਿਸ ਨੂੰ ਬਰਨਾਲਾ-ਮਹਿਲ ਕਲਾਂ ਹਾਈਵੇ 'ਤੇ ਪਿੰਡ ਸਹਿਜੜਾ ਦੇ ਨਜ਼ਦੀਕ ਪੈਟਰੋਲ ਛਿੜ ਕੇ ਅੱਗ ਦੇ ਹਵਾਲੇ ਕਰ ਦਿੱਤਾ ਸੀ, ਉਸ ਵਿੱਚ ਜਿੱਥੇ ਬਾਕੀ ਸਵਾਰੀਆਂ ਦਾ ਸਾਮਾਨ ਸੜ ਕੇ ਸੁਆਹ ਹੋ ਗਿਆ, ਉਥੇ ਧਨੌਲਾ ਮੰਡੀ ਦੇ ਅੰਗਹੀਣ ਧਰਮ ਸਿੰਘ ਜੋ ਕਿ ਆਪਣੀ ਪਤਨੀ ਤੇ ਨਾਬਾਲਗ ਪੁੱਤਰ ਨਾਲ 28 ਫਰਵਰੀ ਨੂੰ ਗੁਰਦੁਆਰਾ ਟਾਹਲੀਆਣਾ ਸਾਹਿਬ ਰਾਏਕੋਟ ਵਿਖੇ ਇਲੈਕਟ੍ਰੋਨਿਕ ਖਿਡੌਣੇ ਵੇਚਣ ਜਾ ਰਿਹਾ ਸੀ, ਦਾ ਲੱਗਭੱਗ 50,000 ਦੇ ਕਰੀਬ ਸਮਾਨ ਅੱਗ ਵਿੱਚ ਸੜ ਜਾਣ 'ਤੇ ਉਹ ਰੋਂਦਾ ਕੁਰਲਾਉਂਦਾ ਕਹਿ ਰਿਹਾ ਹੈ ਕਿ ਅਸੀਂ ਸਿਰਸੇ ਵਾਲੇ ਦਾ ਕੀ ਵਿਗਾੜਿਆ ਸੀ ਕਿ ਰੋਟੀ ਰੋਜ਼ੀ ਦਾ ਇੱਕੋ-ਇੱਕ ਸਾਧਨ, ਖੇਡਾਂ ਖਿਡਾਉਣਿਆਂ ਵਾਲਾ ਸਾਮਾਨ ਵੀ ਬੱਸ ਦੇ ਨਾਲ ਹੀ ਸਾੜ ਦਿੱਤਾ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਕਿ ਸੌਦਾ ਸਾਧ ਦੇ ਪ੍ਰੇਮੀਆਂ ਵੱਲੋਂ ਬੱਸ ਨੂੰ ਘੇਰ ਕੇ ਸਵਾਰੀਆਂ ਨੂੰ ਦੋ ਮਿੰਟ ਵਿੱਚ ਬੱਸ ਤੋਂ ਉਤਰਨ ਲਈ ਕਿਹਾ ਗਿਆ ਤਾਂ ਅੰਗਹੀਣ ਧਰਮ ਸਿੰਘ ਨੇ ਕਿਹਾ ਕਿ ਉਸ ਨੂੰ ਉਸ ਦਾ ਸਾਮਾਨ ਬੱਸ ਵਿੱਚੋਂ ਕੱਢ ਲੈਣ ਦਿੱਤਾ ਜਾਵੇ। ਪਰ ਭੜਕੇ ਹੋਏ ਪ੍ਰੇਮੀਆਂ ਨੇ ਕਿਹਾ ਕਿ ਜਾਂ ਤਾਂ ਹੇਠਾਂ ਉਤਰ ਜਾ, ਨਹੀਂ ਫੇਰ ਤੈਨੂੰ ਬੱਸ ਵਿੱਚ ਹੀ ਜਲਾ ਦਿੱਤਾ ਜਾਵੇਗਾ। ਪ੍ਰੇਮੀਆਂ ਵੱਲੋਂ ਬੱਸ ਨੂੰ ਅੱਗ ਦੇ ਹਵਾਲੇ ਕੀਤੇ ਜਾਣ ਤੋਂ ਬਾਅਦ ਬਾਕੀ ਸਵਾਰੀਆਂ ਵਿੱਚ ਭੱਗਦੜ ਮੱਚ ਗਈ। ਉਥੇ 50,000 ਰੁਪਏ ਦਾ ਸਾਮਾਨ ਸੜ ਜਾਣ ਤੇ ਧਰਮ ਸਿੰਘ ਗਮਗੀਨ ਹਾਲਤ ਵਿੱਚ ਆਪਣੇ ਪਰਿਵਾਰ ਸਮੇਤ ਸਾਰੀ ਰਾਤ ਭੁੱਖਾ ਧਿਆਇਆ ਸਾਰੀ ਰਾਤ ਬੱਸ ਦੇ ਨਜਦੀਕ ਸੜਕ 'ਤੇ ਹੀ ਬੈਠਾ ਰਿਹਾ। ਅੱਜ ਸਵੇਰੇ ਜਦੋਂ ਪੱਤਰਕਾਰਾਂ ਦੀ ਟੀਮ ਉਕਤ ਜਗ੍ਹਾ 'ਤੇ ਪਹੁੰਚੀ ਤਾਂ ਪੀੜਤ ਅੰਗਹੀਣ ਧਰਮ ਸਿੰਘ ਨੇ ਦੱਸਿਆ ਕਿ ਉਸ ਕੋਲ ਇਹੋ ਹੀ ਇੱਕੋ ਰੋਟੀ-ਰੋਜ਼ੀ ਸੀ, ਜਿਸ ਨਾਲ ਉਹ ਆਪਣਾ ਪਰਿਵਾਰ ਚਲਾ ਰਿਹਾ ਸੀ। ਪਰ ਸਾਰਾ ☛(ਬਾਕੀ ਸਫਾ 2 'ਤੇ)

## ਪੁਲਿਸ ਵੱਲੋਂ 9 ਅਤੇ ਅਣਪਛਾਤੇ ਡੇਰਾ ਪ੍ਰੇਮੀਆਂ ਵਿਰੁੱਧ ਮਾਮਲਾ ਦਰਜ਼

ਬਾਘਾ ਪੁਰਾਣਾ 28 ਫ਼ਰਵਰੀ (ਪ.ਪ.) ਸ਼ਹਿਰ ਅੰਦਰ ਡੇਰਾ ਸੱਚਾ ਸੌਦਾ ਦੇ ਪ੍ਰੇਮੀਆਂ ਵੱਲੋਂ ਕੱਲ ਪੈਦਾ ਕੀਤਾ ਗਿਆ ਦਹਿਸ਼ਤ ਦਾ ਮਾਹੌਲ ਭਾਵੇਂ ਅੱਜ ਦੁਪਿਹਰ ਤੱਕ ਜਾਰੀ ਰਿਹਾ ਪ੍ਰੰਤੂ ਪੁਲਿਸ ਦੀ ਤੇਜ਼ ਗਸ਼ਤ ਅਤੇ ਸਮੁੱਚੇ ਪੰਜਾਬ ਅੰਦਰ ਅਮਨ-ਅਮਾਨ ਦੀਆਂ ਖ਼ਬਰਾਂ ਆਉਣ ਕਾਰਨ ਲੋਕਾਂ ਨੇ ਸੁੱਖ ਦਾ ਸਾਹ ਲਿਆ। ਡੀ.ਐਸ.ਪੀ. ਬਾਘਾ ਪੁਰਾਣਾ ਜਗਜੀਤ ਸਿੰਘ ਸਰੋਆ ਅਤੇ ਥਾਣਾ ਮੁਖੀ ਪ੍ਰਤਾਪ ਸਿੰਘ ਦੀ ਅਗਵਾਈ ਹੇਠ ਪੁਲਿਸ ਬੀਤੀ ਰਾਤ ਤੋਂ ਹੀ ਗਸਤ ਕਰ ਰਹੀ ਸੀ। ਉਧਰ ਸਰਸਾ ਪ੍ਰੇਮੀਆਂ ਵੱਲੋਂ ਸ਼ਹਿਰ ਅੰਦਰ ਕੱਲ ਸਾੜਕੇ ਸੁਆਹ ਕੀਤੀ ਇੱਕ ਬੱਸ, ਇੱਕ ਮੋਟਰ ਸਾਇਕਲ ਅਤੇ ਪੁਲਿਸ ਚੌਂਕ ਪੋਸਟ ਤੋਂ ਇਲਾਵਾ ਪੀ.ਆਰ.ਟੀ.ਸੀ ਦੀ ਇੱਕ ਬੱਸ ਨੂੰ ਭੰਨ ਤੋੜ ਕਰਨ ਦੇ ਸਬੰਧ ਵਿੱਚ 9 ☛(ਬਾਕੀ ਸਫਾ 2 'ਤੇ)

